# ਸਮਕਾਲੀ (ਲਾਇਵ,ਇੰਟਰਐਕਟਿਵ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਛੋਟ ਲਈ ਬੇਨਤੀ

**ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਛੋਟ ਲਈ ਬੇਨਤੀ (Request to be Exempt from the Minimum Requirements of Synchronous (Live, Interactive) Learning)**

ਨੀਤੀ/ਪ੍ਰੋਗਰਾਮ ਮੇਮੋ ਨੰਬਰ 164 ਦੇ ਰਾਹੀਂ ਸਿੱਖਿਆ ਮੰਤਰਾਲੇ ਨੇ ਸਕੂਲ ਬੋਰਡਾਂ ਨੂੰ ਰਿਮੋਟ ਲਰਨਿੰਗ ਸੰਬੰਧੀ ਲੋੜਾਂ ਬਾਰੇ ਨਿਰਦੇਸ਼ ਮੁਹੱਈਆ ਕੀਤੇ ਹਨ। ਇੰਨ੍ਹਾਂ ਲੋੜਾਂ ਵਿੱਚ ਇਹ ਲਾਜ਼ਮੀ ਅਪੇਖਿਆ ਸ਼ਾਮਲ ਹੈ ਕਿ ਸਕੂਲ ਬੋਰਡ ਅਜਿਹੀ ਪ੍ਰਕਿਰਿਆ ਵਿਕਸਤ ਕਰਨ ਜਿਹੜੀ ਰਿਮੋਟ ਲਰਨਿੰਗ ਵਿੱਚ ਰੁੱਝੇ ਹੋਏ ਵਿਦਿਆਰਥੀਆਂ ਨੂੰ ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਛੋਟ ਲਈ ਬੇਨਤੀ ਕਰਨ ਵਾਸਤੇ ਅਪਲਾਈ ਕਰਨ ਦੇਵੇਗੀ (ਹੇਠਾਂ ਦਿੱਤਾ ਟੇਬਲ ਦੇਖੋ)। ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ (ਹੇਠਾਂ ਟੇਬਲ ਦੇਖੋ) ਵਾਸਤੇ ਘੱਟੋ ਘੱਟ ਲੋੜਾਂ ਤੋਂ ਛੋਟ ਲਈ ਵਿਅਕਤੀਗਤ ਬੇਨਤੀਆਂ ਆਨਲਾਈਨ ਫਾਰਮ ਰਾਹੀਂ ਜਾਂ ਹੋਮ ਸਕੂਲ ਨੂੰ ਇੱਕ ਕਾਗਜ਼ੀ ਕਾਪੀ ਦੇਕੇ ਸਕੂਲ ਸੁਪਰਡੰਟ (ਜਾਂ ਉਨ੍ਹਾਂ ਦੁਆਰਾ ਨਾਮਜ਼ਦ ਕੀਤੇ ਗਏ ਵਿਅਕਤੀ), ਨੂੰ ਕੀਤੀਆਂ ਜਾਣਗੀਆਂ। ਫਿਰ ਸੁਪਰਡੰਟ (ਜਾਂ ਉਨ੍ਹਾਂ ਦੁਆਰਾ ਨਾਮਜ਼ਦ ਕੀਤਾ ਗਿਆ ਵਿਅਕਤੀ) ਸਾਰੀਆਂ ਬੇਨਤੀਆਂ ਦੀ ਸਮੀਖਿਆ ਕਰਨਗੇ, ਛੋਟ ਲਈ ਵਿਅਕਤੀਗਤ ਬੇਨਤੀਆਂ ਬਾਰੇ ਫੈਸਲਾ ਕਰਨਗੇ ਅਤੇ ਛੋਟਾਂ ਲਈ ਸਾਰੀਆਂ ਬੇਨਤੀਆਂ ਦਾ ਜਵਾਬ ਲਿਖਤ ਰੂਪ ਵਿੱਚ ਦੇਣਗੇ। ਮਨਜ਼ੂਰ ਕੀਤੀਆਂ ਗਈਆਂ ਛੋਟਾਂ ਨੂੰ ਵਿਦਿਆਰਥੀ ਦੇ ਓਨਟੈਰਿਓ ਸਟੂਡੈਂਟ ਰਿਕਾਰਡ ਵਿੱਚ ਸਟੋਰ ਕੀਤਾ ਜਾਵੇਗਾ। ਹੁਣ ਆਵੇਦਕਾਂ ਕੋਲ ਛੋਟ ਲਈ ਪਹਿਲਾਂ ਤੋਂ ਮਨਜ਼ੂਰੀ ਪ੍ਰਾਪਤ ਬੇਨਤੀਆਂ ਨੂੰ ਵਧਾਉਣ ਜਾਂ ਮਿਆਦ ਸਮਾਪਤੀ ਦੀ ਅਜਿਹੀ ਤਰੀਕ ਚੁਣਨ ਦਾ ਵਿਕਲਪ ਹੋਵੇਗਾ ਜਿਹੜੀ 2020/2021 ਸਕੂਲੀ ਸਾਲ ਦੇ ਅੰਤ ਤੱਕ ਵੱਧੀ ਹੋਈ ਹੋ ਸਕਦੀ ਹੈ।

**ਗਰੇਡ ਦੇ ਅਧਾਰ ਤੇ ਸਮਕਾਲੀ (ਲਾਇਵ,ਇੰਟਰਐਕਟਿਵ) ਲਰਨਿੰਗ ਲਈ ਅਪੇਖਿਆਵਾਂ**

| ਡਿਵੀਜ਼ਨ | ਵਿਦਿਆਰਥੀਆਂ ਦਾ ਗਰੇਡ ਪੱਧਰ | ਸਮਕਾਲੀ (ਲਾਇਵ,ਇੰਟਰਐਕਟਿਵ) ਲਰਨਿੰਗ ਲਈ ਸਮੇਂ ਦੀ ਰੋਜ਼ਾਨਾ ਘੱਟੋ ਘੱਟ ਲੋੜ * |
|---|---|---|
| ਐਲੀਮੈਂਟਰੀ | ਕਿੰਡਰਗਾਰਟਨ | 180 ਮਿੰਟ |
| | ਗਰੇਡ 1 ਤੋਂ 3 | 225 ਮਿੰਟ |
| | ਗਰੇਡ 4 ਤੋਂ 8 | 225 ਮਿੰਟ |
| ਸੈਕੰਡਰੀ | ਗਰੇਡ 9 ਤੋਂ 12 | 75-ਮਿੰਟ ਦੇ ਹਰੇਕ ਕਲਾਸ ਪੀਰੀਅਡ ਲਈ 60 ਮਿੰਟ ** ਜਾਂ ਪੂਰੇ ਕੋਰਸ ਕਾਰਜਕ੍ਰਮ ਲਈ 225 ਮਿੰਟ ਪ੍ਰਤੀ ਦਿਨ ਵਿੱਚੋਂ ਜੋ ਵੀ ਵੱਧ ਹੈ |

* ਇਹ ਗੈਰ-ਸਮਕਾਲੀ (ਸੁਤੰਤਰ) ਲਰਨਿੰਗ ਸਮੇਂ ਤੋਂ ਇਲਾਵਾ ਹੈ।

** 75 ਮਿੰਟ ਦਾ ਨਾ ਹੋਣ ਵਾਲੇ ਕਿਸੇ ਵੀ ਪੀਰੀਅਡ ਲਈ ਸਮਕਾਲੀ (ਲਾਇਵ,ਇੰਟਰਐਕਟਿਵ) ਲਰਨਿੰਗ ਲਈ ਸਮੇਂ ਦੀ ਲੋੜ ਵਿੱਚ ਇਹ ਅਨੁਪਾਤ ਦਰਸਾਉਣ ਲਈ ਫੇਰ ਬਦਲ ਕੀਤਾ ਜਾਣਾ ਚਾਹੀਦਾ ਹੈ।

ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਤੋਂ ਛੋਟ ਲਈ ਬੇਨਤੀ ਮਾਤਾ-ਪਿਤਾ/ਸਰਪ੍ਰਸਤਾਂ ਦੁਆਰਾ ਕੀਤੀ ਜਾ ਸਕਦੀ ਹੈ ਜਾਂ ਅਜਿਹੇ ਵਿਦਿਆਰਥੀਆਂ ਦੁਆਰਾ ਜਿਹੜੇ 18 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹਨ, ਜਾਂ ਅਜਿਹੇ ਵਿਦਿਆਰਥੀ ਜਿਹੜੇ 16 ਜਾਂ 17 ਸਾਲ ਦੀ ਉਮਰ ਦੇ ਹਨ ਪਰ ਮਾਪਿਆਂ ਦੇ ਨਿਯੰਤਰਣ ਤੋਂ ਹੱਟ ਗਏ ਹਨ। ਨੀਤੀ/ਪ੍ਰੋਗਰਾਮ ਮੇਮੋ ਨੰਬਰ 164, ਦੇ ਅਨੁਸਾਰ ਇਹ ਫਾਰਮ  ਟੀਡੀਐਸਬੀ  ਦੇ ਨਾਲ ਵਰਚੁਅਲ ਲਰਨਿੰਗ ਵਿਕਲਪ (ਉਦਾਹਰਣ ਲਈ, ਟੀਡੀਐਸਬੀ ਵਰਚੁਅਲ  ਸਕੂਲ, ਸੈਕੰਡਰੀ ਹੋਮ ਸਕੂਲ ਵਰਚੁਅਲ ਲਰਨਿੰਗ ਵਿਕਲਪ, ਲਰਨਿੰਗ ਨੈੱਟਵਰਕ ਵਰਚੁਅਲ ਲਰਨਿੰਗ ਹੱਬ, ਦੇ ਨਾਲ ਅਡੈਪਟਿਡ ਇੰਨ-ਸਕੂਲ ਮਾਡਲ ਵਿੱਚ ਦਾਖਲ  ਸੈਕੰਡਰੀ ਵਿਦਿਆਰਥੀਆਂ ਲਈ ਲਾਗੂ ਹੈ)। ਛੋਟ ਦੀ ਇਹ ਪ੍ਰਕਿਰਿਆ ਉਨ੍ਹਾਂ ਵਿਦਿਆਰਥੀਆਂ ਵਾਸਤੇ ਉਪਲਬਧ ਨਹੀ ਹੈ ਜਿੰਨ੍ਹਾਂ ਨੇ ਸਰੀਰਕ (ਇੰਨ-ਸਕੂਲ) ਐਲੀਮੈਂਟਰੀ ਸਕੂਲ ਜਾਂ ਹੋਮਸਕੂਲਿੰਗ ਦਾ ਵਿਕਲਪ ਚੁਣਿਆ ਹੈ। ਛੋਟ ਲਈ ਬੇਨਤੀ ਕਰਨ ਵਾਲੇ ਹਰੇਕ ਵਿਦਿਆਰਥੀ ਲਈ ਇੱਕ ਵੱਖਰੀ ਐਪਲੀਕੇਸ਼ਨ ਜਮ੍ਹਾਂ ਕਰਨਾ ਜ਼ਰੂਰੀ ਹੈ।

ਅਡੈਪਟਿਡ ਇੰਨ-ਸਕੂਲ ਮਾਡਲ ਵਿੱਚ ਰਜਿਸਟਰ ਕੀਤੇ ਹੋਏ ਸੈਕੰਡਰੀ ਸਕੂਲ ਵਿਦਿਆਰਥੀਆਂ ਵਾਸਤੇ, ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਪੂਰੀ ਛੋਟ ਕੇਵਲ ਸਕੂਲੀ ਦਿਨ ਦੇ ਆਨਲਾਈਨ ਸਮਕਾਲੀ (ਲਾਇਵ, ਇੰਟਰਐਕਟਿਵ) ਭਾਗ ਤੇ ਲਾਗੂ ਹੁੰਦੀ ਹੈ। ਛੋਟਾਂ ਅਡੈਪਟਿਡ ਇੰਨ-ਸਕੂਲ ਮਾਡਲ ਸਿਖਲਾਈ ਦੇ ਇੰਨ-ਪਰਸਨ ਭਾਗ ਤੇ ਲਾਗੂ ਨਹੀਂ ਹੁੰਦੀਆਂ। ਇਸ ਮਾਡਲ ਦੇ ਇੰਨ-ਕਲਾਸ ਸਿਖਲਾਈ ਭਾਗ ਵਿੱਚ ਹਾਜ਼ਰੀ ਸਾਰੇ ਸੈਕੰਡਰੀ ਵਿਦਿਆਰਥੀਆਂ ਵਾਸਤੇ ਲਾਜ਼ਮੀ ਹੈ।

ਸਿੱਖਿਆ ਤੱਕ ਅਰਥਪੂਰਨ ਪਹੁੰਚ ਨੂੰ ਸਹਾਰਾ ਦੇਣ ਲਈ, ਸਾਰੇ ਛੋਟ ਪ੍ਰਾਪਤ ਵਿਦਿਆਰਥੀਆਂ ਵਾਸਤੇ ਲਰਨਿੰਗ ਦੀਆਂ ਵਿਕਲਪਿਕ ਪਹੁੰਚਾਂ ਸਥਾਪਤ ਕੀਤੀਆਂ ਜਾਣਗੀਆਂ। ਛੋਟ ਪ੍ਰਾਪਤ ਵਿਦਿਆਰਥੀਆਂ ਨੂੰ 300-ਮਿੰਟਾਂ ਦੇ ਨਿਰਦੇਸ਼ਨ ਵਾਲੇ ਦਿਨ ਦੇ ਅਨੁਸਾਰ ਰੋਜ਼ਾਨਾ ਕਾਰਜਕ੍ਰਮ ਜਾਂ ਟਾਈਮ-ਟੇਬਲ ਦਿੱਤਾ ਜਾਵੇਗਾ।

**ਛੋਟ ਪ੍ਰਾਪਤ ਵਿਦਿਆਰਥੀਆਂ ਲਈ ਅਪੇਖਿਆਵਾਂ**

- ਰੋਜ਼ਾਨਾ ਕਾਰਜਕ੍ਰਮ: ਛੋਟ ਪ੍ਰਾਪਤ ਵਿਦਿਆਰਥੀਆਂ ਵਾਸਤੇ 300-ਮਿੰਟਾਂ ਦੇ ਨਿਰਦੇਸ਼ਨ ਵਾਲੇ ਦਿਨ ਦੇ ਅਨੁਸਾਰ ਉਨ੍ਹਾਂ ਦੇ ਅਧਿਆਪਕ ਦੁਆਰਾ ਦਿੱਤੇ ਗਏ ਰੋਜ਼ਾਨਾ ਕਾਰਜਕ੍ਰਮ ਜਾਂ ਟਾਈਮ-ਟੇਬਲ ਦੀ ਪਾਲਣਾ ਕਰਨਾ ਜ਼ਰੂਰੀ ਹੈ। ਇਸ ਲਈ ਵਿਦਿਆਰਥੀਆਂ ਨੂੰ ਬਰਾਇਟਸਪੇਸ, ਗੂਗਲ ਕਲਾਸਰੂਮ ਜਾਂ ਜਾਇਜ਼ ਠਹਿਰਾਏ ਜਾਣ ਵਾਲੇ ਹਾਲਾਤਾਂ ਅਤੇ ਜਿਥੇ ਸਪੈਸ਼ਲ ਐਜੁਕੇਸ਼ਨ ਸੰਬੰਧੀ ਲੋੜਾਂ, ਮੈਡੀਕਲ ਕਾਰਨਾਂ, ਅਤੇ ਦੂਸਰੇ ਕਾਰਨ ਜਿਹੜੇ ਸੰਵੇਦੀ, ਨਜ਼ਰ, ਪਰਤੱਖ ਅਤੇ ਅਪਰਤੱਖ ਅਸਮਰੱਤਾਵਾਂ, ਵਿਕਾਸ ਸੰਬੰਧੀ ਕਾਰਨਾਂ, ਮਾਨਸਿਕ ਸਿਹਤ, ਸਦਮੇ, ਧਰਮ/ਮਤ, ਪਰਿਵਾਰ ਦੀ ਹੈਸੀਅਤ, ਆਦਿ ਤੱਕ ਸੀਮਿਤ ਨਹੀਂ ਹਨ ਤੇ ਅਧਾਰਤ ਸਹਿਮਤ ਹੋਏ ਹੋਰ ਢੰਗ ਦੇ ਅੰਦਰ ਕਲਾਸਰੂਮ ਅਧਿਆਪਕ ਦੁਆਰਾ ਦਿੱਤੇ ਗਏ ਕੰਮ ਤੱਕ ਸੁਤੰਤਰ ਢੰਗ ਨਾਲ ਪਹੁੰਚ ਪ੍ਰਾਪਤ ਕਰਨ ਅਤੇ ਉਸ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ। ਭਾਵੇਂ ਅਧਿਆਪਕ ਅਧਿਐਨ ਦੇ ਇੱਕ ਵਿਸ਼ਿਸ਼ਟ ਪ੍ਰੋਗਰਾਮ ਵਿੱਚ ਦਾਖਲ ਵਿਦਿਆਰਥੀਆਂ ਨੂੰ ਇੱਕੋ ਰੋਜ਼ਾਨਾ ਕਾਰਜਕ੍ਰਮ ਜਾਂ ਟਾਈਮ-ਟੇਬਲ ਮੁਹੱਈਆ

ਕਰਨਗੇ, ਇਹ ਛੋਟ ਦੀ ਚੋਣ ਕਰਨ ਵਾਲੇ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਫਲਸਰੂਪ ਗੈਰ-ਸਮਕਾਲੀ (ਸੁਤੰਤਰ) ਲਰਨਿੰਗ ਵਿੱਚ ਆਪਣੀ ਸ਼ਮੂਲੀਅਤ ਨੂੰ ਵਧਾਉਣ।

- ਲਰਨਿੰਗ ਸਮੱਗਰੀਆਂ: ਵਿਦਿਆਰਥੀਆਂ ਨੂੰ ਪੂਰੇ ਓਨਟੈਰਿਓ ਪਾਠਕ੍ਰਮ ਤੇ ਅਧਾਰਤ ਪ੍ਰੋਗਰਾਮਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਉਹ ਅਧਿਆਪਕ ਦੁਆਰਾ ਕਲਾਸ ਵਾਸਤੇ ਤੈਅ ਕੀਤੀਆਂ ਗਈਆ ਅਪੇਖਿਆਵਾਂ ਦੀ ਪਾਲਣਾ ਕਰੇਗੀ। ਇਹ ਸਮੱਗਰੀਆਂ ਬਰਾਇਟਸਪੇਸ ਲਰਨਿੰਗ ਮੈਨੇਜਮੈਂਟ ਸਿਸਟਮ, ਗੂਗਲ ਕਲਾਸਰੂਮ ਜਾਂ ਅਜਿਹੇ ਸਹਿਮਤ ਹੋਏ ਢੰਗ (ਉਦਾਹਰਣ ਲਈ ਫੋਨ ਕਾਨਫਰੰਸਾਂ, ਈਮੇਲਾਂ) ਰਾਹੀਂ ਮੁਹੱਈਆ ਕੀਤੀਆਂ ਜਾਣਗੀਆਂ ਜਿਹੜਾ ਵਿਅਕਤੀਗਤ ਵਿਦਿਆਰਥੀ ਦੀਆਂ ਲੋੜਾਂ ਅਤੇ ਹਾਲਾਤਾਂ ਤੇ ਅਧਾਰਤ ਹੈ।
- ਰੋਜ਼ਾਨਾ ਹਾਜ਼ਰੀ: ਵਿਦਿਆਰਥੀਆਂ ਦੀ ਹਾਜ਼ਰੀ ਸਾਰੇ ਛੋਟ ਪ੍ਰਾਪਤ ਵਿਦਿਆਰਥੀਆਂ ਵਾਸਤੇ ਟੀਡੀਐਸਬੀ ਦੀਆਂ ਐਲੀਮੈਂਟਰੀ ਅਤੇ ਸੈਕੰਡਰੀ ਹਾਜ਼ਰੀ ਸੰਬੰਧੀ ਵਿਧੀਆਂ ਅਨੁਸਾਰ, ਐਲੀਮੈਂਟਰੀ ਸਤਰ ਤੇ ਦਿਨ ਵਿੱਚ ਦੋ ਵਾਰੀ ਅਤੇ ਸੈਕੰਡਰੀ ਸਤਰ ਤੇ ਪ੍ਰਤੀ ਕੋਰਸ ਲਈ ਜਾਵੇਗੀ। ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਅੰਸ਼ਿਕ ਅਤੇ ਪੂਰੀਆਂ ਛੋਟਾਂ ਲਈ ਮਨਜ਼ੂਰੀ ਦਿੱਤੇ ਗਏ ਵਿਦਿਆਰਥੀਆਂ ਵਾਸਤੇ ਹਾਜ਼ਰੀ ਸੰਬੰਧੀ ਵਿਧੀਆਂ ਬਾਰੇ ਹੋਰ ਵੇਰਵਿਆਂ ਲਈ ਹੇਠਾਂ ਦੇਖੋ। ਜਦੋਂ ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਪੂਰੀ ਛੋਟ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ, ਅਧਿਆਪਕ ਉਨ੍ਹਾਂ ਦਾ ਪੇਸ਼ੇਵਰ ਨਿਰਣਾ ਵਰਤਣਗੇ, ਅਤੇ ਨਿਰੰਤਰ ਜਾਰੀ ਸੰਪਰਕ ਕਾਇਮ ਰੱਖਣ ਲਈ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ/ਸਰਪ੍ਰਸਤ(ਤਾਂ) (ਜਿਥੇ ਲਾਗੂ ਹੁੰਦਾ ਹੈ) ਦੇ ਨਾਲ ਕੰਮ ਕਰਨਗੇ।
  - ਅੰਸ਼ਿਕ ਛੋਟਾਂ: ਟੀਡੀਐਸਬੀ ਦੀਆਂ ਐਲੀਮੈਂਟਰੀ ਅਤੇ ਸੈਕੰਡਰੀ ਹਾਜ਼ਰੀ ਸੰਬੰਧੀ ਵਿਧੀਆਂ ਅਨੁਸਾਰ, ਹਾਜ਼ਰੀ ਐਲੀਮੈਂਟਰੀ ਸਤਰ ਤੇ ਦਿਨ ਵਿੱਚ ਦੋ ਵਾਰੀ ਅਤੇ ਸੈਕੰਡਰੀ ਸਤਰ ਤੇ ਪ੍ਰਤੀ ਕੋਰਸ ਲਈ ਜਾਵੇਗੀ।
  - ਪੂਰੀਆਂ ਛੋਟਾਂ: ਹਾਜ਼ਰੀ ਮੰਗਲਵਾਰਾਂ ਨੂੰ (ਸੋਮਵਾਰ ਅਤੇ ਮੰਗਰਵਾਰ ਲਈ) ਅਤੇ ਸ਼ੁੱਕਰਵਾਰਾਂ ਨੂੰ (ਬੁੱਧਵਾਰ ਤੋਂ ਸ਼ੁੱਕਰਵਾਰ ਲਈ) ਹਫਤੇ ਵਿੱਚ ਦੋ ਵਾਰੀ ਰਿਕਾਰਡ ਕੀਤੀ ਜਾਵੇਗੀ। ਪੂਰੀ ਛੋਟ ਵਾਲੇ ਵਿਦਿਆਰਥੀਆਂ ਨੂੰ ਹਾਜ਼ਰ ਮਾਰਕ ਕੀਤਾ ਜਾ ਸਕਦਾ ਹੈ ਜੇ ਉਹ ਹੇਠਾਂ ਦਿੱਤੇ ਤਰੀਕਿਆਂ ਦੇ ਨਾਲ ਇੱਕ ਜਾਂ ਉਸ ਤੋਂ ਵੱਧ ਨਾਲ ਉਨ੍ਹਾਂ ਦੇ ਅਧਿਆਪਕ ਦੇ ਨਾਲ ਰੁੱਝੇ ਰਹੇ ਹਨ: ਹਫਤੇ ਵਿੱਚ ਘੱਟੋ ਘੱਟ ਇੱਕ ਵਾਰੀ ਕੰਮ ਜਮ੍ਹਾਂ ਕਰਨਾ, ਫੋਨ ਕਾਨਫਰੰਸਾਂ, ਜਾਂ ਬਰਾਇਟਸਪੇਸ, ਗੂਗਲ ਕਲਾਸਰੂਮ, ਈਮੇਲਾਂ, ਆਦਿ ਵਰਗੇ ਦੂਸਰੇ ਸੰਚਾਰ।
- ਮੁਲਾਂਕਣ, ਪੜਤਾਲ ਅਤੇ ਰਿਪੋਰਟਿੰਗ: ਜਦਕਿ ਗਰੋਇੰਗ ਸਕਸੈਸ: ਅਸੈਸਮੈਂਟ, ਇਵੈਲੂਏਸ਼ਨ ਐਂਡ ਰਿਪੋਰਟਿੰਗ ਇਨ ਓਨਟੈਰਿਓ ਸਕੂਲਜ਼ (2010) ਵਿੱਚ ਦੱਸੀ ਗਈ ਨੀਤੀ ਦਾ ਉਨ੍ਹਾਂ ਸਾਰੇ ਟੀਡੀਐਸਬੀ ਵਿਦਿਆਰਥੀਆਂ ਤੇ ਲਾਗੂ ਹੋਣਾ ਜਾਰੀ ਹੈ ਜਿੰਨ੍ਹਾਂ ਨੂੰ ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਛੋਟ ਲਈ ਮਨਜ਼ੂਰੀ ਦਿੱਤੀ ਗਈ ਹੈ। *ਗਰੋਇੰਗ ਸਕਸੈਸ: ਦ ਮੈਥੇਮੈਟਿਕਸ ਅਡੇਨਡਮ , ਗ੍ਰੇਡਜ਼ 1 ਟੂ 8, 2020* ਗਰੇਡ 1 ਤੋਂ 8 ਵਿੱਚ ਗਣਿਤ ਵਾਸਤੇ ਸੂਬਾਈ ਰਿਪੋਰਟ ਕਾਰਡ ਨੂੰ ਪੂਰਾ ਕਰਨ ਸੰਬੰਧੀ ਨਿਰਦੇਸ਼ਾਂ ਦਾ ਸਥਾਨ ਲਵੇਗਾ। ਅਧਿਐਨ ਦੇ ਹਰੇਕ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਅਧਿਆਪਕ ਮੁਲਾਂਕਣ ਸੰਬੰਧੀ ਅਪੇਖਿਆਵਾਂ ਨੂੰ ਵਿਦਿਆਰਥੀਆਂ ਵਾਸਤੇ ਸਪਸ਼ਟ ਢੰਗ ਨਾਲ

ਆਊਟਲਾਈਨ ਕਰਨਗੇ। ਇਹ ਲੋੜ ਅਨੁਸਾਰ ਗੈਰ-ਡਿਜਿਟਲ ਕਾਪੀਆਂ ਉਪਲਬਧ ਕਰਵਾਏ ਜਾਣ ਦੇ ਨਾਲ, ਬਰਾਇਟਸਪੇਸ ਜਾਂ ਗੂਗਲ ਕਲਾਸਰੂਮ (ਜਿਥੇ ਲਾਗੂ ਹੋਵੇ) ਦੇ ਅੰਦਰ ਇੱਕ ਮੁਲਾਂਕਣ ਅਤੇ ਪੜਤਾਲ (Assessment and Evaluation) ਫੋਲਡਰ ਵਿੱਚ ਪੋਸਟ ਕੀਤਾ ਜਾਵੇਗਾ। ਅਧਿਆਪਕ ਸਾਰੇ ਵਿਦਿਆਰਥੀਆਂ ਲਈ ਵੱਖਰੀ ਸਹਾਇਤਾ ਮੁਹੱਈਆ ਕਰਨਾ ਜਾਰੀ ਰੱਖਣਗੇ, ਜਿਸ ਵਿੱਚ ਸ਼ਾਮਲ ਹਨ ਦੂਸਰੀ ਭਾਸ਼ਾ ਦੀ ਤਰ੍ਹਾਂ ਅੰਗਰੇਜ਼ੀ ਅਤੇ ਫਰੈਂਚ ਸਿੱਖਣ ਵਾਲੇ ਅਤੇ ਸਪੈਸ਼ਲ ਐਜੂਕੇਸ਼ਨ ਲੋੜਾਂ ਵਾਲੇ ਵਿਦਿਆਰਥੀ ਜਿੰਨ੍ਹਾਂ ਦੀ ਵਿਅਕਤੀਗਤ ਐਜੂਕੇਸ਼ਨ ਪਲਾਨ (ਆਈਈਪੀ) ਹੈ। ਵਿਦਿਆਰਥੀ ਅਧਿਐਨ ਦੇ ਉਸ ਪ੍ਰੋਗਰਾਮ ਜਾਂ ਕੋਰਸਾਂ ਨੂੰ ਸਫਲਤਾਪੂਰਵਕ ਢੰਗ ਨਾਲ ਮੁਕੰਮਲ ਕਰਨ ਲਈ ਲੋੜੀਂਦੀਆਂ ਅਸਾਇਨਮੈਂਟਾਂ ਅਤੇ ਮੁਲਾਂਕਣਾਂ ਨੂੰ ਬ੍ਰਾਈਟਸਪੇਸ ਜਾਂ ਗੂਗਲ ਕਲਾਸਰੂਮ ਵਿੱਚ ਪੂਰਾ ਕਰਨਗੇ ਅਤੇ ਜਮ੍ਹਾ ਕਰਨਗੇ, ਜਿੰਨ੍ਹਾਂ ਵਿੱਚ ਉਹ ਦਾਖਲ ਹਨ।

**ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਤੋਂ ਛੋਟਾਂ ਲਈ ਬੇਨਤੀਆਂ**

ਛੋਟਾਂ ਰਾਹੀਂ ਵਿਦਿਆਰਥੀਆਂ ਨੂੰ ਸੁਵਿਧਾ ਦੇਣ ਦੀ ਮਨਸ਼ਾ ਸਕੂਲੀ ਭਾਈਚਾਰਿਆਂ ਦੀਆਂ ਵਿਵਿਧ ਲੋੜਾਂ ਨੂੰ ਸੰਬੋਧਤ ਕਰਨ ਵਿੱਚ ਲਚਕਤਾ ਦੀ ਇਜਾਜ਼ਤ ਦੇਣਾ ਅਤੇ ਟੀਡੀਐਸਬੀ ਸਟਾਫ, ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਮੁੱਚੀ ਮਾਨਸਿਕ ਸਿਹਤ ਅਤੇ ਕੁਸ਼ਲਤਾ ਵਾਸਤੇ ਵਧੇਰਾ ਸਮਰਥਨ ਹੈ। ਜਦਕਿ ਸਮਕਾਲੀ (ਲਾਇਵ, ਇੰਟਰਐਕਟਿਵ) ਲਰਨਿੰਗ ਸੰਬੰਧੀ ਛੋਟਾਂ ਵਿਅਕਤੀਗਤ ਵਿਦਿਆਰਥੀਆਂ ਲਈ ਕੁਝ ਲਚਕਤਾ ਪੇਸ਼ ਕਰਦੀਆਂ ਹਨ, ਉਨ੍ਹਾਂ ਨਾਲ ਉਨ੍ਹਾਂ ਨੂੰ ਗੈਰ-ਸਮਕਾਲੀ (ਸੁਤੰਤਰ) ਮਿੰਟਾਂ ਦੀ ਸੰਖਿਆ ਵਿੱਚ ਵਾਧੇ ਦੀ ਲੋੜ ਵੀ ਹੁੰਦੀ ਹੈ ਜਿੰਨ੍ਹਾਂ ਵਿੱਚ ਛੋਟਾਂ ਪ੍ਰਾਪਤ ਹਰੇਕ ਵਿਦਿਆਰਥੀ ਰੋਜ਼ ਰੁੱਝਦਾ ਹੈ। ਅਧਿਆਪਕ ਦੇ ਪੇਸ਼ੇਵਰ ਨਿਰਣੇ ਦੇ ਅਨੁਸਾਰ, ਇਸ ਵਿੱਚ ਪਹਿਲਾਂ ਰਿਕਾਰਡ ਕੀਤੇ ਗਏ ਵੀਡੀਓ ਲੈਸਨ ਦੇਖਣਾ, ਨਿਰਧਾਰਤ ਕੀਤੇ ਗਏ ਕੰਮ ਪੂਰੇ ਕਰਨਾ, ਜਾਂ ਔਨਲਾਈਨ ਡਿਸਕਸ਼ਨ ਬੋਰਡਾਂ ਵਿੱਚ ਯੋਗਦਾਨ ਪਾਉਣਾ ਸ਼ਾਮਲ ਹੋ ਸਕਦਾ ਹੈ। ਕੁਝ ਕੇਸਾਂ ਵਿੱਚ, ਗੈਰ-ਸਮਕਾਲੀ (ਸੁਤੰਤਰ) ਲਰਨਿੰਗ ਦੇ ਮੌਕਿਆਂ ਤੱਕ ਪਹੁੰਚ ਈਮੇਲਾਂ ਜਾਂ ਟੇਲੀਫੋਨ ਕਾਲਾਂ ਰਾਹੀਂ ਡਿਲਿਵਰ ਕੀਤੀ ਜਾ ਸਕਦੀ ਹੈ।

ਇਹ ਸੁਨਿਸ਼ਚਿਤ ਕਰਨਾ ਕਿ ਵਿਦਿਆਰਥੀ ਕਲਾਸਰੂਮ ਅਧਿਆਪਕ ਦੇ ਨਾਲ ਸੰਪਰਕ ਬਣਾਈ ਰੱਖਦਾ ਹੈ ਅਤੇ ਨਿਰਧਾਰਤ ਕੀਤੇ ਅਨੁਸਾਰ ਸਿਖਲਾਈ ਅਤੇ ਮੁਲਾਂਕਣ ਸੰਬੰਧੀ ਕੰਮਾਂ ਦਾ ਪੂਰਾ ਅਤੇ ਜਮ੍ਹਾਂ ਕੀਤੇ ਜਾਣਾ ਸਮਕਾਲੀ (ਲਾਇਵ, ਇੰਟਰਐਕਵਿਟ) ਛੋਟ ਦੇ ਜ਼ਰੂਰੀ ਹਿੱਸੇ ਹਨ। ਸਿੱਖਿਆ ਐਕਟ ਅਧੀਨ ਲਾਜ਼ਮੀ ਤੌਰ ਤੇ ਸਕੂਲ ਜਾਣ ਦੀ ਉਮਰ ਦੇ ਵਿਦਿਆਰਥੀਆਂ ਲਈ ਹਾਜ਼ਰੀ ਜ਼ਰੂਰੀ ਹੈ। ਵਿਦਿਆਰਥੀਆਂ ਦੀ ਕਾਮਯਾਬੀ ਲਈ ਮੌਕਿਆਂ ਨੂੰ ਅਧਿਕਤਮ ਕਰਨ ਲਈ, ਵਿਦਿਆਰਥੀਆਂ ਦੀਆਂ ਗੈਰਹਾਜ਼ਰੀਆਂ ਨੂੰ ਸਿੱਖਿਆ ਐਕਟ ਅਨੁਸਾਰ ਅਤੇ ਟੀਡੀਐਲਬੀ ਦੁਆਰਾ ਨੀਤੀ P085 - ਸਟੂਡੈਂਟ ਅਟੈਂਡੇਂਸ ਐਂਡ ਸੇਫ ਅਰਾਈਵਲ ਵਿੱਚ ਦੱਸੀਆਂ ਗਈਆਂ ਸਿੱਖਿਆ ਮੰਤਰਾਲੇ ਦੀਆਂ ਸੰਬੰਧਤ ਨੀਤੀਆਂ ਅਤੇ ਸਿੱਖਿਆ ਮੰਤਰਾਲੇ ਦੇ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਲਈ ਏਨਰੋਲਮੈਂਟ ਰਜਿਸਟਰ ਸੰਬੰਧੀ ਹਿਦਾਇਤਾਂ ਦੇ ਦਸਤਾਵੇਜ਼ ਦੇ ਅਨੁਸਾਰ ਸੰਬੋਧਿਤ ਕੀਤਾ ਜਾਵੇਗਾ। ਇਸ ਕਰਕੇ, ਸਮਰਥਨ ਕਰਨ ਵਾਲੇ ਦਸਤਾਵੇਜ਼ਾਂ ਤੋਂ ਬਿਨਾਂ 15 ਕ੍ਰਮਵਾਰ ਸਕੂਲੀ ਦਿਨਾਂ ਦੀਆਂ ਗੈਰਹਾਜ਼ਰੀਆਂ ਦਾ ਨਤੀਜਾ ਵਿਦਿਆਰਥੀ ਦਾ ਹਾਜ਼ਰੀ ਰਜਿਸਟਰ ਤੋਂ ਰਿਟਾਇਰ ਕਰ ਦਿੱਤੇ ਜਾਣਾ ਹੋ ਸਕਦਾ ਹੈ।

ਹਾਜ਼ਰੀ, ਕੰਮ ਨੂੰ ਪੂਰਾ ਕਰਨ ਅਤੇ ਮੁਲਾਂਕਣ ਸੰਬੰਧੀ ਲਾਜ਼ਮੀ ਅਪੇਖਿਆਵਾਂ ਨੂੰ ਪੂਰਾ ਕਰਨ ਵਿੱਚ ਅਸਫਲਤਾ ਸਮਕਾਲੀ (ਲਾਇਵ , ਇੰਟਰਐਕਵਿਟ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਛੋਟ ਦੇ ਨਾਲ ਅਸੰਗਤ ਹੈ ਅਤੇ ਉਸਦੇ ਬਜਾਏ ਟੀਡੀਐਸਬੀ ਦੀ ਹੋਮਸਕੂਲਿੰਗ ਨੀਤੀ ਵਿੱਚ ਦੱਸੇ ਅਨੁਸਾਰ ਹੋਮਜ਼ਸਕੂਲਿੰਗ ਦੀ ਮਨਸ਼ਾ ਨਾਲ ਇਕਸਾਰ ਹੈ। ਬੱਚੇ ਨੂੰ ਹੋਮਸਕੂਲ ਕਰਨ ਦੇ ਇੱਛਕ ਮਾਤਾ-ਪਿਤਾ/ਸਰਪ੍ਰਸਤਾਂ ਵਾਸਤੇ ਉਨ੍ਹਾਂ ਦੇ ਹੋਮ ਸਕੂਲ ਦੇ ਸਕੂਲ ਸੁਪਰਡੈਂਟ ਨੂੰ ਇੱਕ ਨੋਟਿਸ ਔਫ ਇੰਨਟੈਂਟ ਟੂ ਹੋਮ ਸਕੂਲ (ਫਾਰਮ 553A) ਜਮ੍ਹਾਂ ਕਰਨਾ ਜ਼ਰੂਰੀ ਹੈ।

**ਪੂਰੀ ਤਰ੍ਹਾਂ ਛੋਟ ਪ੍ਰਾਪਤ ਵਿਦਿਆਰਥੀਆਂ ਅਤੇ ਲਰਨਿੰਗ ਸਮੱਗਰੀਆਂ ਤੱਕ ਪਹੁੰਚ**

ਸਮਕਾਲੀ (ਲਾਇਵ, ਇੰਟਰਐਕਵਿਟ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਪੂਰੀ ਜਾਂ ਅੰਸ਼ਿਕ ਛੋਟ ਪ੍ਰਾਪਤ ਵਿਦਿਆਰਥੀਆਂ ਨੂੰ ਉਸ ਗਰੇਡ/ਕੋਰਸ(ਸਾਂ) ਲਈ ਬਰਾਇਟਸਪੇਸ ਜਾਂ ਗੂਗਲ ਕਲਾਸਰੂਮ ਵਿੱਚ ਸਿਖਲਾਈ ਅਤੇ ਮੁਲਾਂਕਣ ਸਮੱਗਰੀਆਂ ਤੱਕ ਪਹੁੰਚ ਦਾ ਸਮਾਨ ਹਿੱਸਾ ਮੁਹੱਈਆ ਕੀਤਾ ਜਾਣਾ ਜਾਰੀ ਰਹੇਗਾ ਜਿਸ ਵਿੱਚ ਉਹ ਦਾਖਲ ਹਨ। ਲਰਨਿੰਗ ਗਤੀਵਿਧੀਆਂ ਅਤੇ ਗੈਰ ਸਮਕਾਲੀ (ਸੁਤੰਤਰ) ਲਰਨਿੰਗ ਦੇ ਅਵਸਰ ਮੁਲਾਂਕਣ ਅਤੇ ਪੜਤਾਲ ਦੇ ਉਦੇਸ਼ਾਂ ਵਾਸਤੇ ਅਧਿਆਪਕ ਕੋਲ ਜਮ੍ਹਾਂ ਕਰਨ ਲਈ ਆਨਲਾਈਨ ਪੋਸਟ ਕੀਤੇ ਜਾਣਗੇ। ਇਹ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਧਿਐਨ ਦੇ ਪ੍ਰੋਗਰਾਮ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਇੱਕ ਮਹੱਤਵਪੂਰਣ ਪੂਰਵ ਸ਼ਰਤ ਹੈ। ਸਮਕਾਲੀ (ਲਾਇਵ, ਇੰਟਰਐਕਵਿਟ) ਲਰਨਿੰਗ ਦੀਆਂ ਘੱਟੋ ਘੱਟ ਲੋੜਾਂ ਤੋਂ ਛੋਟ ਪ੍ਰਾਪਤ ਸਾਰੇ ਵਿਦਿਆਰਥੀ ਉਨ੍ਹਾਂ ਦੇ ਅਧਿਆਪਕਾਂ ਦੇ ਨਾਲ ਸੰਪਰਕ ਬਣਾਈ ਰੱਖਣ ਦੇ ਨਾਲ ਨਿਰਧਾਰਤ ਕੀਤੇ ਅਨੁਸਾਰ ਕੰਮਾਂ ਅਤੇ ਅਸਾਇਨਮੈਂਟਾਂ ਨੂੰ ਪੂਰਾ ਕਰਨ ਅਤੇ ਵਾਪਸ ਕਰਨ ਵਾਸਤੇ ਆਪਣੇ ਅਧਿਆਪਕਾਂ ਦੇ ਨਾਲ ਇੰਤਜ਼ਾਮ ਕਰਨ ਲਈ ਜ਼ਿੰਮੇਵਾਰ ਹਨ।

**ਐਪਲੀਕੇਸ਼ਨ ਦੀ ਆਖਰੀ ਤਰੀਕ**

ਛੋਟਾਂ ਵਾਸਤੇ ਬੇਨਤੀਆਂ ਦਾ ਹਰੇਕ ਰਿਪੋਰਟਿੰਗ ਅਵਧੀ ਦੀ ਸ਼ੁਰੂਆਤ ਤੋਂ ਇੱਕ ਹਫਤੇ ਬਾਅਦ ਹੇਠਾਂ ਦਿੱਤੀਆਂ ਤਰੀਕਾਂ ਤੇ ਸ਼ਾਮ 4 ਵਜੇ ਤੱਕ ਜਮ੍ਹਾਂ ਕੀਤੇ ਜਾਣਾ ਜ਼ਰੂਰੀ ਹੈ:

ਐਲੀਮੈਂਟਰੀ ਐਪਲੀਕੇਸ਼ਨ ਦੀਆਂ ਆਖਰੀ ਤਰੀਕਾਂ ਹਨ: 20 ਅਕਤੂਬਰ, 30 ਨਵੰਬਰ ਅਤੇ 23 ਫਰਵਰੀ।

ਸੈਕੰਡਰੀ ਐਪਲੀਕੇਸ਼ਨ ਦੀਆਂ ਆਖਰੀ ਤਰੀਕਾਂ ਹਨ: 20 ਅਕਤੂਬਰ, 30 ਨਵੰਬਰ, 15 ਫਰਵਰੀ ਅਤੇ 30 ਅਪ੍ਰੈਲ।

ਰੀਨਿਊਲਜ਼/ਐਕਸਟੇਸ਼ਨਾਂ: ਜੇ ਤੁਹਾਡੀ ਪਹਿਲਾਂ ਮਨਜ਼ੂਰ ਕੀਤੀ ਗਈ ਛੋਟ ਦੀ ਬੇਨਤੀ ਸਮਾਪਤ ਹੋ ਗਈ ਹੈ ਜਾਂ ਉਸਦੀ ਸਮਾਪਤੀ ਦੀ ਤਰੀਕ ਦੇ ਕੋਲ ਪਹੁੰਚ ਰਹੀ ਹੈ, ਤਾਂ ਕਿਰਪਾ ਕਰਕੇ ਉੱਤੇ ਲਿੰਕ ਕੀਤੇ ਗਏ ਉਸੇ ਔਨਲਾਈਨ ਫਾਰਮ ਰਾਹੀਂ ਜਿੰਨੀ ਜਲਦੀ ਸੰਭਵ ਹੋਵੇ ਛੋਟ ਲਈ ਇੱਕ ਨਵੀਂ ਬੇਨਤੀ ਜਮ੍ਹਾਂ ਕਰੋ।